ਨਿਊਜ਼ ਰਿਲੀਜ਼

# HCAP: 911 ਕਾਲਾਂ ਦਾ ਵਧੇਰੇ ਤੇਜ਼ੀ ਨਾਲ ਜਵਾਬ ਦੇਣਾ

02 ਫਰਵਰੀ, 2023 ਮੀਡੀਆ ਵੱਲੋਂ ਪੁੱਛਗਿੱਛ

## ਹੈਲਥ ਕੇਅਰ ਐਕਸ਼ਨ ਪਲਾਨ (HCAP) ਦੇ ਰਾਹੀਂ, ਅਲਬਰਟਾ ਹੈਲਥ ਸਰਵਿਸਿਜ਼ ਨੇ ਇੱਕ ਨਵਾਂ EMS-811 ਸ਼ੇਅਰਡ ਰਿਸਪਾਂਸ ਪ੍ਰੋਗਰਾਮ ਸ਼ੁਰੂ ਕੀਤਾ ਹੈ ਤਾਂ ਜੋ ਹਰ ਅਲਬਰਟਾ ਵਾਸੀ ਨੂੰ ਢੁਕਵੇਂ ਪੱਧਰ ਦੀ ਦੇਖਭਾਲ ਪ੍ਰਾਪਤ ਹੋਵੇ।

ਅਲਬਰਟਾ ਵਿੱਚ ਦੁਨੀਆ ਦੇ ਸਭ ਤੋਂ ਵਧੀਆ ਫਰੰਟ-ਲਾਈਨ ਹੈਲਥ-ਕੇਅਰ ਵਰਕਰ ਹਨ, ਅਤੇ ਸਰਕਾਰ ਸਹੀ ਸਹਾਇਤਾ ਸਥਾਪਿਤ ਕਰਨ ਲਈ ਕੰਮ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਦੀ ਲੋੜੀਂਦੀ ਦੇਖਭਾਲ ਮਿਲੇ, ਜਦੋਂ ਅਤੇ ਜਿੱਥੇ ਉਨ੍ਹਾਂ ਨੂੰ ਇਸਦੀ ਲੋੜ ਹੋਵੇ।

ਅਲਬਰਟਾ ਪੈਰਾਮੈਡਿਕਸ ਬਹੁਤ ਕੁਸ਼ਲ ਹਨ ਅਤੇ ਉਨ੍ਹਾਂ ਨੂੰ ਹਰ ਕਿਸਮ ਦੀ ਐਮਰਜੈਂਸੀ 'ਤੇ ਪ੍ਰਤਿਕਿਰਿਆ ਕਰਨ ਲਈ ਸਿਖਲਾਈ ਮਿਲੀ ਹੋਈ ਹੈ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਗੰਭੀਰ ਸਥਿਤੀਆਂ ਵਿੱਚ, ਅਲਬਰਟਾ ਵਾਸੀਆਂ ਕੋਲ ਉੱਚ ਪੱਧਰੀ ਦੇਖਭਾਲ ਉਪਲਬਧ ਹੋਵੇ।

ਇਹ ਯਕੀਨੀ ਬਣਾਉਣ ਲਈ ਕਿ ਤੁਰੰਤ ਦੇਖਭਾਲ ਦੀ ਲੋੜ ਵਾਲੇ ਅਲਬਰਟਾ ਵਾਸੀਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਦੇਖਭਾਲ ਮਿਲੇ, EMS ਸੰਕਟਕਾਲੀਨ ਸੰਚਾਰ ਅਧਿਕਾਰੀ ਹੁਣ ਇੱਕ ਨਵੀਂ EMS-811 ਸ਼ੇਅਰਡ ਰਿਸਪਾਂਸ ਟੀਮ ਰਾਹੀਂ 811 'ਤੇ ਇੱਕ ਸਮਰਪਿਤ ਟੀਮ ਨਾਲ ਮਿਲ ਕੇ ਕੰਮ ਕਰ ਰਹੇ ਹਨ। ਸ਼ੇਅਰਡ ਰਿਸਪਾਂਸ ਟੀਮ ਗੈਰ-ਜ਼ਰੂਰੀ ਕਾਲਾਂ ਨੂੰ ਕੁਸ਼ਲਤਾ ਨਾਲ ਸਿੱਧਾ 811 ਨਰਸ ਨੂੰ ਟ੍ਰਾਂਸਫਰ ਕਰਨ ਲਈ ਕੰਮ ਕਰੇਗੀ, ਜਦੋਂ ਕਿ ਜ਼ਰੂਰੀ ਕਾਲਾਂ ਨੂੰ ਐਂਬੂਲੈਂਸ ਪ੍ਰਤਿਕਿਰਿਆ ਮਿਲਣਾ ਜਾਰੀ ਰਹੇਗਾ।

ਜਦੋਂ 911 'ਤੇ ਕਾਲ ਕਰਨ ਵਾਲੇ ਅਲਬਰਟਾ ਵਾਸੀ EMS ਨਾਲ ਜੁੜੇ ਜਾਂਦੇ ਹਨ, ਤਾਂ ਇੱਕ ਐਮਰਜੈਂਸੀ ਸੰਚਾਰ ਅਧਿਕਾਰੀ ਕਾਲਰ ਨੂੰ ਭਰੋਸਾ ਦਿਵਾਉਂਦਾ ਹੈ ਕਿ ਮਦਦ ਆ ਰਹੀ ਅਤੇ ਨਾਲ ਹੀ ਮਰੀਜ਼ਾਂ ਦੀ ਲੋੜ ਦਾ ਪੱਧਰ ਨਿਯਤ ਕਰਦਾ ਹੈ ਉਸੇ ਤਰ੍ਹਾਂ ਜਿਵੇਂ ਕਿਸੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਕੀਤਾ ਜਾਂਦਾ ਹੈ। ਜਦੋਂ ਐਮਰਜੈਂਸੀ ਸੰਚਾਰ ਅਧਿਕਾਰੀ ਨੂੰ ਭਰੋਸਾ ਹੁੰਦਾ ਹੈ ਕਿ ਮਰੀਜ਼ ਦੀ ਸਥਿਤੀ ਨੂੰ ਦੇਖਭਾਲ ਦੇ ਵਿਕਲਪਿਕ ਪੱਧਰਾਂ ਨਾਲ ਸਭ ਤੋਂ ਵਧੀਆ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ, ਤਾਂ ਉਹ ਕਾਲਰ ਨੂੰ ਇੱਕ ਕਤਾਰ ਵਿੱਚ ਦਾਖਲ ਕੀਤੇ ਬਿਨਾਂ ਕਾਲ ਨੂੰ ਸਿੱਧਾ 811 'ਤੇ ਤਜ਼ਰਬੇਕਾਰ ਰਜਿਸਟਰਡ ਨਰਸਾਂ ਦੀ ਇੱਕ ਸਮਰਪਿਤ ਟੀਮ ਨੂੰ

ਟ੍ਰਾਂਸਫਰ ਕਰ ਦੇਣਗੇ। ਰਜਿਸਟਰਡ ਨਰਸ ਉਚਿਤ ਦੇਖਭਾਲ ਵਿਕਲਪਾਂ ਦੀ ਪਛਾਣ ਕਰਨ ਲਈ ਮਰੀਜ਼ ਅਤੇ ਸਥਿਤੀ ਦਾ ਮੁਲਾਂਕਣ ਕਰਨਾ ਜਾਰੀ ਰੱਖੇਗੀ।

ਜਿਹੜੀਆਂ 911 ਕਾਲਾਂ ਦਾ ਕਲੀਨਿਕਲ ਤੌਰ 'ਤੇ ਨਵੇਂ ਸ਼ੇਅਰਡ ਰਿਸਪਾਂਸ ਸਿਸਟਮ ਲਈ ਉਚਿਤ ਵਜੋਂ ਮੁਲਾਂਕਣ ਕੀਤਾ ਜਾਂਦਾ ਹੈ, ਉਹ ਨਿਯਮਿਤ 811 ਕਤਾਰ ਵਿੱਚ ਇੰਤਜ਼ਾਰ ਨਹੀਂ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਸਹਾਇਤਾ ਲਈ ਇੱਕ ਸਮਰਪਿਤ ਰਜਿਸਟਰਡ ਨਰਸ ਮਿਲਦੀ ਹੈ। ਕਾਲ ਕਰਨ ਵਾਲਿਆਂ ਨੂੰ ਇਸ ਪ੍ਰਕਿਰਿਆ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ, ਜੇਕਰ ਕਿਸੇ ਵੀ ਸਮੇਂ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਇੱਕ ਐਂਬੂਲੈਂਸ ਦੀ ਲੋੜ ਹੈ, ਤਾਂ ਇੱਕ ਐਂਬੂਲੈਂਸ ਭੇਜੀ ਜਾਂਦੀ ਹੈ।

ਖੇਤਰ 'ਤੇ ਨਿਰਭਰ ਕਰਦੇ ਹੋਏ, ਕੁੱਲ 911 ਕਾਲਾਂ ਵਿੱਚੋਂ ਲਗਭਗ 10 ਤੋਂ 20 ਪ੍ਰਤਿਸ਼ਤ ਕਾਲਾਂ ਗੈਰ-ਜ਼ਰੂਰੀ ਕਾਲਾਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ, EMS-811 ਸ਼ੇਅਰਡ ਰਿਸਪਾਂਸ ਟੀਮ ਨੂੰ ਵਰਤਣ ਦੇ ਨਾਲ, ਹਰ ਸਾਲ ਲਗਭਗ 40,000 ਗੈਰ-ਐਮਰਜੈਂਸੀ ਪ੍ਰਤਿਕਿਰਿਆਵਾਂ ਤੋਂ ਬਚਿਆ ਜਾ ਸਕਦਾ ਹੈ। ਇਸ ਨਵੀਂ ਪਹੁੰਚ ਦਾ ਮਤਲਬ ਹੈ ਕਿ ਵਧੇਰੇ ਐਂਬੂਲੈਂਸਾਂ ਉੱਥੇ ਪ੍ਰਤਿਕਿਰਿਆ ਕਰਨ ਲਈ ਉਪਲਬਧ ਹੋਣਗੀਆਂ ਜਿੱਥੇ ਉਹਨਾਂ ਦੀ ਸਭ ਤੋਂ ਵੱਧ ਲੋੜ ਹੈ ਅਤੇ ਨਾਲ ਹੀ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਸਾਰੇ ਅਲਬਰਟਾ ਵਾਸੀਆਂ ਦੀ ਉਹਨਾਂ ਲਈ ਲੋੜੀਂਦੀ ਦੇਖਭਾਲ ਦੇ ਢੁਕਵੇਂ ਪੱਧਰਾਂ ਤੱਕ ਪਹੁੰਚ ਬਰਕਰਾਰ ਰਹੇ।

## EMS ਪ੍ਰਤਿਕਿਰਿਆ ਸਮੇਂ ਨੂੰ ਘਟਾਉਣ ਲਈ ਤਰਜੀਹੀ ਕਾਰਵਾਈਆਂ ਚੱਲ ਰਹੀਆਂ ਹਨ

ਅਧਿਕਾਰਤ AHS ਪ੍ਰਸ਼ਾਸਕ ਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਦੀ ਕਵਰੇਜ ਨੂੰ ਬਿਹਤਰ ਬਣਾਉਣ ਲਈ ਚਾਰ ਤਰਜੀਹੀ ਕਾਰਵਾਈਆਂ ਦਾ ਕੰਮ ਸੌਂਪਿਆ ਗਿਆ ਹੈ। ਇਸ ਵਿੱਚ ਐਂਬੂਲੈਂਸਾਂ ਅਤੇ ਉੱਚ ਸਿਖਲਾਈ ਪ੍ਰਾਪਤ ਪੈਰਾਮੈਡਿਕਸ ਦੀ ਵਰਤੋਂ ਦੀ ਲੋੜ ਨਾ ਹੋਣ 'ਤੇ ਆਵਾਜਾਈ ਦੇ ਵਧੇਰੇ ਢੁਕਵੇਂ ਢੰਗਾਂ ਦੀ ਵਰਤੋਂ ਕਰਨ ਦੇ ਤਰੀਕੇ ਲੱਭਣਾ ਸ਼ਾਮਲ ਹੈ। AHS ਫਰਵਰੀ ਦੇ ਸ਼ੁਰੂ ਵਿੱਚ ਕੈਲਗਰੀ ਅਤੇ ਐਡਮੰਟਨ ਖੇਤਰਾਂ ਵਿੱਚ ਹਸਪਤਾਲਾਂ ਅਤੇ ਦੇਖਭਾਲ ਕੇਂਦਰਾਂ ਵਿਚਕਾਰ ਗੈਰ-ਐਮਰਜੈਂਸੀ ਟ੍ਰਾਂਸਫਰਾਂ ਦਾ ਠੇਕਾ ਲੈਣ ਲਈ ਦਿਲਚਸਪੀ ਅਤੇ ਯੋਗਤਾ ਦੇ ਪ੍ਰਗਟਾਵੇ ਲਈ ਇੱਕ ਬੇਨਤੀ ਜਾਰੀ ਕਰ ਰਿਹਾ ਹੈ।

AHS ਐਮਰਜੈਂਸੀ ਵਿਭਾਗਾਂ ਵਿੱਚ ਐਂਬੂਲੈਂਸ ਟ੍ਰਾਂਸਫਰਾਂ ਵਿੱਚ ਤੇਜ਼ੀ ਲਿਆਉਣ 'ਤੇ ਵੀ ਕੰਮ ਕਰ ਰਿਹਾ ਹੈ। 5 ਜਨਵਰੀ ਨੂੰ, ਸਾਰੇ ਹਸਪਤਾਲਾਂ ਵਿੱਚ ਇੱਕ AHS ਸੂਬਾਈ ਨੀਤੀ ਲਾਗੂ ਕੀਤੀ ਗਈ ਸੀ, ਜੋ ਸਥਿਰ ਅਤੇ ਘੱਟ ਜ਼ਰੂਰੀ ਮਰੀਜ਼ਾਂ ਦੇ ਪੈਰਾਮੈਡਿਕਸ ਦੀ ਦੇਖਭਾਲ ਤੋਂ ਐਮਰਜੈਂਸੀ ਵਿਭਾਗ ਅਤੇ ਜ਼ਰੂਰੀ ਦੇਖਭਾਲ ਕੇਂਦਰ ਟੀਮਾਂ ਵਿੱਚ ਦੇ ਤਬਾਦਲੇ ਨੂੰ ਸੁਚਾਰੂ ਬਣਾਉਣ ਲਈ ਨਿਰਦੇਸ਼ ਅਤੇ ਸੇਧਾਂ ਪ੍ਰਦਾਨ ਕਰਦੀ ਹੈ।

## ਫੌਰੀ ਤੱਥ

- EMS ਡਿਸਪੈਚ ਜ਼ਹਿਰ ਅਤੇ ਡਰੱਗ ਸੂਚਨਾ ਸੇਵਾ (Poison and Drug Information Service - PADIS) ਨਾਲ ਸਹਿਯੋਗ ਕਰ ਰਿਹਾ ਹੈ। 2022 ਦੀ ਸ਼ੁਰੂਆਤ ਤੋਂ, AHS ਨੇ ਜ਼ਹਿਰ ਅਤੇ ਨਸ਼ੀਲੇ ਪਦਾਰਥਾਂ ਬਾਰੇ ਸਵਾਲਾਂ ਵਾਲੀਆਂ 400 ਤੋਂ ਵੱਧ ਗੈਰ-ਐਮਰਜੈਂਸੀ ਕਾਲਾਂ ਨੂੰ ਸਫਲਤਾਪੂਰਵਕ PADIS ਵਿੱਚ ਭੇਜ ਦਿੱਤਾ ਹੈ।

- ਹੈਲਥ ਲਿੰਕ ਦੀਆਂ ਰਜਿਸਟਰਡ ਨਰਸਾਂ ਉਦਯੋਗ ਦੇ ਸਭ ਤੋਂ ਵਧੀਆ ਸਲਾਹ ਮਾਡਲ ਦੀ ਵਰਤੋਂ ਕਰਦੀਆਂ ਹਨ ਜੋ ਸਬੂਤ-ਆਧਾਰਿਤ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਕਰਦਾ ਹੈ ਅਤੇ 911 'ਤੇ ਕਾਲ ਕਰਨ ਵਾਲੇ ਗੈਰ-ਐਮਰਜੈਂਸੀ ਮਰੀਜ਼ਾਂ ਲਈ ਸੁਰੱਖਿਅਤ, ਮਰੀਜ਼-ਕੇਂਦ੍ਰਿਤ ਕਲੀਨਿਕਲ ਵਿਕਲਪ ਪ੍ਰਦਾਨ ਕਰਦਾ ਹੈ।
- AHS ਗੈਰ-ਜ਼ਰੂਰੀ ਸਿਹਤ ਚਿੰਤਾਵਾਂ ਲਈ ਸਿਹਤ ਸਲਾਹ ਦੀ ਮੰਗ ਕਰ ਰਹੇ ਸਾਰੇ ਅਲਬਰਟਾ ਵਾਸੀਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ahs.ca/options 'ਤੇ ਜਾ ਕੇ ਆਪਣੀ ਦੇਖਭਾਲ ਦੇ ਵਿਕਲਪਾਂ ਬਾਰੇ ਜਾਣਨ। ਡਾਕਟਰ, ਫਾਰਮਾਸਿਸਟ ਜਾਂ ਹੈਲਥ ਲਿੰਕ ਅਕਸਰ ਸਭ ਤੋਂ ਵਧੀਆ ਸਹਾਇਤਾ ਹੁੰਦੇ ਹਨ।

# ਸੰਬੰਧਿਤ ਜਾਣਕਾਰੀ

- ਹੈਲਥਕੇਅਰ ਐਕਸ਼ਨ ਪਲਾਨ (ਸਿਹਤ-ਸੰਭਾਲ ਕਾਰਵਾਈ ਯੋਜਨਾ)

# ਸਬੰਧਿਤ ਖ਼ਬਰਾਂ

- HCAP: EMS ਪ੍ਰਤਿਕਿਰਿਆ ਸਮੇਂ ਨੂੰ ਘਟਾਉਣ ਲਈ ਸਿੱਧੀ ਕਾਰਵਾਈ (16 ਜਨਵਰੀ, 2023)
- ਹੈਲਥਕੇਅਰ ਐਕਸ਼ਨ ਪਲਾਨ (ਸਿਹਤ-ਸੰਭਾਲ ਕਾਰਵਾਈ ਯੋਜਨਾ): EMS ਪ੍ਰਤਿਕਿਰਿਆ ਸਮੇਂ (21 ਦਸੰਬਰ, 2022)
- ਮਰੀਜ਼ ਦੀ ਦੇਖਭਾਲ ਵਿੱਚ ਸੁਧਾਰ ਕਰਨ ਲਈ AHS ਵਿੱਚ ਸੁਧਾਰ ਕਰਨਾ (17 ਨਵੰਬਰ, 2022)

# ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ
- ਆਡੀਓ: EMS/ 811 ਸ਼ੇਅਰਡ ਰਿਸਪਾਂਸ - ਨਮੂਨਾ ਕਾਲ
- ਆਡੀਓ: ਮੰਤਰੀ ਕੋਪਿੰਗ ਤੋਂ ਹਵਾਲਾ
- ਆਡੀਓ: ਪਾਰਲਿਆਮੈਂਟਰੀ ਸੈਕ੍ਰੇਟਰੀ ਸਿਗੁਰਡਸਨ ਤੋਂ ਹਵਾਲਾ
- ਆਡੀਓ: ਸੀਨੀਅਰ ਪ੍ਰੋਵਿੰਸ਼ੀਅਲ ਡਾਇਰੈਕਟਰ, ਵਰਚੁਅਲ ਕੇਅਰ, ਅਲਬਰਟਾ ਹੈਲਥ, ਪੈਟਰੀਸ਼ੀਆ ਚੈਂਬਰਜ਼ (Patricia Chambers) ਤੋਂ ਹਵਾਲਾ